Satish Chandra

# ਦਫਤਰ ਡਿਪਟੀ ਕਮਿਸ਼ਨਰ-ਕਮ-ਜਿਲ੍ਹਾ ਮੈਜਿਸਟਰੇਟ, ਫਰੀਦਕੋਟ।
## (ਫੁੱਟਕਲ ਸ਼ਾਖਾ)

ਹੁਕਮ ਨੰਬਰ 435 /ਫਸ

ਇਸ ਦਫਤਰ ਵੱਲੋਂ ਹੁਕਮ ਨੰਬਰ 212/ਫਸ ਮਿਤੀ 23.03.2020, ਜੋ ਕਿ ਪਿ.ਅੰ.ਨੰਬਰ 1587/ਫਸ ਮਿਤੀ 23.03.2020 ਰਾਹੀਂ ਕੋਰੋਨਾ ਵਾਇਰਸ ਦੇ ਬਚਾਅ ਲਈ ਜਿਲ੍ਹਾ ਫਰੀਦਕੋਟ ਦੀ ਹਦੂਦ ਅੰਦਰ ਅਗਲੇ ਹੁਕਮਾਂ ਤੱਕ ਕਰਫਿਊ ਲਗਾਇਆ ਗਿਆ ਹੈ।

ਜਿਵੇਂ ਕਿ ਪੰਜਾਬ ਸਰਕਾਰ, ਸਕੂਲ ਸਿਖਿਆ ਵਿਭਾਗ, ਚੰਡੀਗੜ੍ਹ ਵੱਲੋ ਮੀਮੋ ਨੰ: **SSE/SPL./20/126 dated 10.05.2020** ਰਾਂਹੀ ਜਾਰੀ ਹਦਾਇਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਰਫਿਊ ਦੋਰਾਨ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਧਿਆਨ ਵਿੱਚ ਰੱਖਦੇ ਹੋਏ ਜਿਲ੍ਹਾ ਫਰੀਦਕੋਟ ਅੰਦਰ ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਥੀਆਂ ਨੂੰ ਕਿਤਾਬਾਂ ਵੰਡਣ (ਘਰ-ਘਰ ਜਾ ਕੇ) ਲਈ ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਅਤੇ (ਐ.ਸਿੱ.), ਫਰੀਦਕੋਟ ਨੂੰ ਅਧਿਕਾਰਤ ਕੀਤਾ ਜਾਂਦਾ ਹੈ।

ਅਜਿਹਾ ਕਰਦੇ ਸਮੇਂ ਕੋਰੋਨਾ ਵਾਇਰਸ (ਕੋਵਿਡ-19) ਦੀ ਰੋਕਥਾਮ ਲਈ ਭਾਰਤ ਸਰਕਾਰ/ਪੰਜਾਬ ਸਰਕਾਰ ਅਤੇ ਇਸ ਦਫ਼ਤਰ ਵੱਲੋਂ ਸਮੇਂ-ਸਮੇਂ ਸਿਰ ਜਾਰੀ ਕੀਤੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣਗੇ ਅਤੇ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਖਿਲਾਫ ਕਾਨੂੰਨ ਦੀਆਂ ਸਬੰਧਤ ਧਾਰਵਾਂ ਤਹਿਤ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਕਿਤਾਬਾਂ ਵੰਡਣ ਲਈ ਜੇਕਰ ਕਿਸੇ ਮੱਦਦ ਦੀ ਜਰੂਰਤ ਹੈ ਤਾਂ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਅਤੇ (ਐ.ਸਿੱ.), ਫਰੀਦਕੋਟ ਆਪਣੇ ਅਧੀਨ ਹੋਰਨਾਂ ਅਧਿਕਾਰੀਆਂ/ਕਰਮਚਾਰੀਆਂ ਦੀ ਡਿਊਟੀ ਲਗਾ ਸਕਦੇ ਹਨ।

ਇਹ ਹੁਕਮ ਅੱਜ ਮਿਤੀ 12-05-2020 ਨੂੰ ਨਿਮਨਹਸਤਾਖਰ ਦੇ ਹਸਤਾਖਰਾਂ ਅਤੇ ਦਫ਼ਤਰ ਦੀ ਮੋਹਰ ਹੇਠ ਜਾਰੀ ਕੀਤਾ ਗਿਆ।

ਇਹ ਹੁਕਮ ਕਰਫਿਊ/ਲਾਕਡਾਊਨ ਦੌਰਾਨ ਲਾਗੂ ਰਹਿਣਗੇ।

ਮਿਤੀ 12.05.2020

(ਕੁਮਾਰ ਸੌਰਭ ਰਾਜ),ਆਈ.ਏ.ਐਸ.,
ਜਿਲ੍ਹਾ ਮੈਜਿਸਟਰੇਟ, ਫਰੀਦਕੋਟ।

ਜਿਲ੍ਹਾ ਮੈਜਿਸਟਰੇਟ, ਫਰੀਦਕੋਟ

ਪਿੰ:ਅੰ:ਨੰ: 2686 /ਫਸ-ਫਕ-2 ਮਿਤੀ 12-05-2020
ਉਪਰੋਕਤ ਦਾ ਉਤਾਰਾ:-

1) ਪ੍ਰਿੰਸੀਪਲ ਸਕੱਤਰ, ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ, ਚੰਡੀਗੜ੍ਹ।
2) ਸਕੱਤਰ, ਪੰਜਾਬ ਸਰਕਾਰ, ਸਕੂਲ ਸਿੱਖਿਆ ਵਿਭਾਗ, ਚੰਡੀਗੜ੍ਹ
3) ਕਮਿਸ਼ਨਰ, ਫਰੀਦਕੋਟ ਮੰਡਲ, ਫਰੀਦਕੋਟ
4) ਸੀਨੀਅਰ ਕਪਤਾਨ ਪੁਲਿਸ, ਫਰੀਦਕੋਟ
5) ਵਧੀਕ ਡਿਪਟੀ ਕਮਿਸ਼ਨਰ (ਜ) ਅਤੇ (ਵਿਕਾਸ), ਫਰੀਦਕੋਟ
6) ਉਪ ਮੰਡਲ ਮੈਜਿਸਟਰੇਟ, ਫਰੀਦਕੋਟ/ਕੋਟਕਪੂਰਾ ਅਤੇ ਜੈਤੋ
7) ਸਿਵਲ ਸਰਜਨ, ਫਰੀਦਕੋਟ
8) ਸਹਾਇਕ ਲੇਬਰ ਕਮਿਸ਼ਨਰ, ਮੋਗਾ
9) ਜਿਲ੍ਹਾ ਵਿਕਾਸ ਅਤੇ ਪੰਚਾਇਤ ਅਫਸਰ, ਫਰੀਦਕੋਟ
10) ਤਹਿਸੀਲਦਾਰ, ਫਰੀਦਕੋਟ, ਕੋਟਕਪੂਰਾ ਅਤੇ ਜੈਤੋ
11) ਜਿਲ੍ਹਾ ਸਿੱਖਿਆ ਅਫਸਰ (ਸੈ.ਸਿੱ.) ਅਤੇ (ਐ.ਸਿੱ.), ਫਰੀਦਕੋਟ

ਪਾਸ ਸੂਚਨਾ ਅਤੇ ਉਕਤ ਹੁਕਮਾਂ ਦੀ ਪਾਲਣਾ ਕਰਨ ਹਿੱਤ ਭੇਜਿਆ ਜਾਂਦਾ ਹੈ।

ਜਿਲ੍ਹਾ ਮੈਜਿਸਟਰੇਟ,
ਫਰੀਦਕੋਟ।

Scanned with CamScanner